بِسۡمِ اللّٰہِ الرَّحۡمٰنِ الرَّحِیۡم          نَحۡمَدُہٗ وَ نُصَلِّی عَلٰی رَسُوۡلِہِ الۡکَرِیۡم          وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہ

دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in**     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਨਿਮਰਤਾ ਦੇ ਵਾਕ਼ਿਆਤ ਅਤੇ ਆਪਣੀ ਜਮਾਅਤ ਨੂੰ ਨਿਮਰਤਾ ਇਖ਼ਤਿਆਰ ਕਰਨ ਦੀ ਨਸੀਹਤ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 29 ਮਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللهِ مِنَ الشَّيْطٰنِ الرَّجِيْمِ ۞ بِسْمِ اللهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਗ਼ੁਲਾਮੀ ਵਿੱਚ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਨਿਮਰਤਾ ਦੇ ਵਾਕ਼ਿਆਤ ਅਤੇ ਆਪਣੀ **ਜਮਾਅਤ** ਨੂੰ ਨਿਮਰਤਾ ਇਖ਼ਤਿਆਰ ਕਰਨ ਦੀ ਨਸੀਹਤ ਬਾਰੇ ਅੱਜ ਕੁੱਝ ਬਿਆਨ ਕਰਾਂਗਾ। ਆਪ عليه السلام ਦੀ ਨਿਮਰਤਾ ਨੂੰ ਦੇਖਦੇ ਹੋਏ ਖ਼ੁਦ ਅੱਲਾਹ ਤਆਲਾ ਨੇ ਇਸ ਦੀ ਸਨਦ ਆਪ عليه السلام ਨੂੰ ਅਤਾ ਫ਼ਰਮਾਈ। 18 ਮਾਰਚ 1907 ਈ: ਨੂੰ ਆਪ عليه السلام ਨੂੰ ਇਲਹਾਮ ਹੋਇਆ ਕਿ **"ਤੇਰੀ ਆਜਿਜ਼ਾਨਾ ਰਾਹੇਂ ਉਸ ਕੋ ਪਸੰਦ ਆਈਂ"** (ਤੇਰੀਆਂ ਨਿਮਰਤਾ ਦੀਆਂ ਰਾਹਾਂ ਉਸ ਨੂੰ ਪਸੰਦ ਆਈਆਂ)।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਇਸ ਦਾਸ 'ਤੇ ਜ਼ਾਹਿਰ ਕੀਤਾ ਗਿਆ ਹੈ ਕਿ ਇਹ ਦਾਸ ਆਪਣੀ **ਗ਼ੁਰਬਤ** ਅਤੇ **ਨਿਮਰਤਾ** ਅਤੇ **ਵਿਸ਼ਵਾਸ** ਅਤੇ **ਕ਼ੁਰਬਾਨੀ** ਅਤੇ **ਨਿਸ਼ਾਨ** ਅਤੇ **ਅਨਵਾਰ** ਦੀ ਰੂਹ ਨਾਲ ਮਸੀਹ عليه السلام ਦੀ ਪਹਿਲੀ ਜ਼ਿੰਦਗੀ ਦਾ ਨਮੂਨਾ ਹੈ ਅਤੇ ਇਸ ਦਾਸ ਦੀ ਫ਼ਿਤਰਤ ਅਤੇ ਮਸੀਹ ਦੀ ਫ਼ਿਤਰਤ ਆਪਸ ਵਿੱਚ ਨਿਹਾਇਤ ਹੀ ਮਿਲਦੀ ਜੁਲਦੀ ਹੈ ਜਿਵੇਂ ਕਿ ਇੱਕ ਹੀ ਜੌਹਰ ਦੇ ਦੋ ਟੁਕੜੇ ਜਾਂ ਇੱਕ ਹੀ ਦਰਖ਼ਤ ਦੇ ਦੋ ਫਲ ਹਨ ਅਤੇ ਇੱਕ ਹੀ ਤਰ੍ਹਾਂ ਦੀ ਸਮਾਨਤਾ ਹੈ ਕਿ ਕਸ਼ਫ਼ੀ ਨਜ਼ਰ ਵਿੱਚ ਬਹੁਤ ਹੀ ਬਾਰੀਕ ਫ਼ਰਕ਼ ਹੈ ਅਤੇ ਜ਼ਾਹਿਰੀ ਤੌਰ 'ਤੇ ਵੀ ਇੱਕ ਸਮਾਨਤਾ ਹੈ ਅਤੇ ਉਹ ਇਵੇਂ ਕਿ ਮਸੀਹ عليه السلام ਇੱਕ ਮੁਕੰਮਲ ਅਤੇ ਅਜ਼ੀਮੁੱਸ਼੍ ਸ਼ਾਨ ਨਬੀ ਯਾਨੀ ਮੂਸਾ عليه السلام ਦਾ ਪੈਰੋਕਾਰ ਅਤੇ ਖ਼ਾਦਿਮਿ ਦੀਨ ਸੀ ਅਤੇ ਉਸ ਦੀ ਇੰਜੀਲ ਤੌਰਾਤ ਦਾ ਹਿੱਸਾ ਸੀ ਅਤੇ ਇਹ ਦਾਸ ਵੀ ਉਸ ਜਲੀਲੁੱਸ਼੍ ਸ਼ਾਨ ਨਬੀ ﷺ ਦੇ ਸੇਵਾਦਾਰਾਂ ਵਿੱਚੋਂ ਹੈ ਕਿ ਜਿਹੜਾ ਸਭ ਰਸੂਲਾਂ ਦਾ **ਸਰਦਾਰ** ਅਤੇ ਸਭ ਰਸੂਲਾਂ ਦਾ **ਸਰਤਾਜ** ਹੈ।

ਇੱਕ ਵਾਰ ਇੱਕ ਸ਼ਖ਼ਸ ਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਖ਼ਿਦਮਤ ਵਿੱਚ ਅਰਜ਼ ਕੀਤਾ ਕਿ ਹਜ਼ੂਰ عليه السلام ਨੇ **"ਹਕ਼ੀਕ਼ਤੁਲ੍ ਵਹੀ"** (حقیقة الوحی) ਦੇ ਲਿਖਣ ਅਤੇ ਪਰੂਫ਼ਾਂ ਦੇ ਵਾਰ ਵਾਰ ਪੜ੍ਹਨ ਵਿੱਚ ਬਹੁਤ ਤਕਲੀਫ਼ ਉਠਾਈ ਹੈ ਅਤੇ ਹਜ਼ੂਰ ਦੀ ਤਬੀਅਤ ਵੀ ਖ਼ਰਾਬ ਹੁੰਦੀ ਰਹੀ ਹੈ ਇਸ ਲਈ ਹੁਣ ਕੁੱਝ ਦਿਨ ਹਜ਼ੂਰ عليه السلام ਬਿਲਕੁਲ ਆਰਾਮ ਕਰਨ। ਹਜ਼ੂਰ عليه السلام ਨੇ ਜਵਾਬ ਦਿੱਤਾ ਸਾਡੀ ਮਿਹਨਤ ਹੀ ਕੀ ਹੈ, ਸਾਨੂੰ ਤਾਂ ਸ਼ਰਮ ਆਉਂਦੀ ਹੈ ਜਦ ਸਹਾਬਾ رضي الله عنهم ਦੀ ਮਿਹਨਤ ਦੇ ਵੱਲ ਨਿਗਾਹ ਕਰਦੇ ਹਾਂ ਕਿ ਕਿਸ ਤਰ੍ਹਾਂ ਖ਼ੁਸ਼ੀ ਦੇ ਨਾਲ ਉਨ੍ਹਾਂ ਲੋਕਾਂ ਨੇ ਖ਼ੁਦਾ ਦੀ ਰਾਹ ਵਿੱਚ ਆਪਣੇ ਸਿਰ ਵੀ ਕਟਵਾ ਦਿੱਤੇ।

ਇੱਕ ਜਗ੍ਹਾ ਆਪ عليه السلام ਫ਼ਰਮਾਉਂਦੇ ਹਨ ਕਿ ਘੱਟ ਸਮਝ ਰੱਖਣ ਵਾਲੇ ਲੋਕ **ਐਤਰਾਜ਼** ਕਰਦੇ ਹਨ ਕਿ ਮੈਂ ਆਪਣੇ ਦਰਜੇ ਨੂੰ ਹੱਦ ਤੋਂ ਵਧਾਉਂਦਾ ਹਾਂ। ਮੈਂ ਖ਼ੁਦਾ ਤਆਲਾ ਦੀ ਕ਼ਸਮ ਖਾ ਕੇ ਕਹਿੰਦਾ ਹਾਂ ਕਿ ਮੇਰੀ ਤਬੀਅਤ ਅਤੇ ਫ਼ਿਤਰਤ ਵਿੱਚ ਹੀ ਇਹ ਗੱਲ ਨਹੀਂ ਕਿ ਮੈਂ ਆਪਣੇ ਆਪ ਨੂੰ ਕਿਸੇ ਤਾਰੀਫ਼ ਦਾ ਖ਼ਾਹਿਸ਼ ਮੰਦ ਪਾਵਾਂ ਅਤੇ ਆਪਣੀ ਅਜ਼ਮਤ ਦੇ ਇਜ਼ਹਾਰ ਤੋਂ ਖ਼ੁਸ਼ ਹੋਵਾਂ। ਮੈਂ ਹਮੇਸ਼ਾ **ਨਿਮਰਤਾ** ਅਤੇ **ਗੁਮਨਾਮੀ** ਦੀ ਜ਼ਿੰਦਗੀ ਪਸੰਦ ਕਰਦਾ ਰਿਹਾ ਹਾਂ ਪਰ ਇਹ ਮੇਰੇ ਵੱਸ ਅਤੇ ਤਾਕ਼ਤ ਤੋਂ ਬਾਹਰ ਸੀ ਕਿ ਖ਼ੁਦਾ ਤਆਲਾ ਨੇ ਖ਼ੁਦ ਮੈਨੂੰ ਬਾਹਰ ਕੱਢਿਆ ਅਤੇ ਜਿਸ ਕ਼ਦਰ ਮੇਰੀ **ਤਾਰੀਫ਼** ਅਤੇ **ਬਜ਼ੁਰਗੀ** ਦਾ ਇਜ਼ਹਾਰ ਉਸ ਨੇ ਆਪਣੇ ਕਲਾਮ ਵਿੱਚ, ਜਿਹੜਾ ਮੇਰੇ 'ਤੇ ਨਾਜ਼ਿਲ ਕੀਤਾ ਗਿਆ ਹੈ, ਕੀਤਾ, ਇਹ ਸਾਰੀ ਤਾਰੀਫ਼ ਅਤੇ ਬਜ਼ੁਰਗੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹੀ ਹੈ।

ਇੱਕ ਨਵੇਂ ਆਸਟਰੇਲੀਅਨ ਮੁਸਲਿਮ ਮੁਹੰਮਦ ਅਬਦੁਲ ਹੱਕ ਸਾਹਿਬ ਨੂੰ ਆਪ عليه السلام ਨੇ ਫ਼ਰਮਾਇਆ ਕਿ ਸਾਡੇ ਅਸੂਲਾਂ ਵਿੱਚੋਂ ਇੱਕ ਇਹ ਵੀ ਹੈ ਕਿ ਅਸੀਂ ਸਾਦੀ ਜ਼ਿੰਦਗੀ ਲੰਘਾਉਂਦੇ ਹਾਂ। ਉਹ ਸਾਰੀਆਂ ਬਨਾਵਟਾਂ ਜਿਹੜੀਆਂ ਕਿ ਅੱਜ ਕੱਲ ਯੂਰਪ ਨੇ ਜ਼ਿੰਦਗੀ ਲਈ ਜ਼ਰੂਰੀ ਬਣਾ ਰੱਖੀਆਂ ਹਨ, ਉਨ੍ਹਾਂ ਤੋਂ ਸਾਡੀ ਮਜਲਿਸ ਪਾਕ ਹੈ। **ਰਸਮ** ਅਤੇ **ਆਦਤ** ਦੇ ਅਸੀਂ ਪਾਬੰਦ ਨਹੀਂ, ਖਾਣ ਪੀਣ ਅਤੇ ਉੱਠਣ ਬੈਠਣ ਵਿੱਚ ਅਸੀਂ ਸਾਦੀ ਜ਼ਿੰਦਗੀ ਨੂੰ ਪਸੰਦ ਕਰਦੇ ਹਾਂ।

ਇੱਕ ਜਗ੍ਹਾ ਆਪ عليه السلام ਫ਼ਰਮਾਉਂਦੇ ਹਨ: **ਨਿਮਰਤਾ** ਇਖ਼ਤਿਆਰ ਕਰਨੀ ਚਾਹੀਦੀ ਹੈ, ਨਿਮਰਤਾ ਦਾ ਸਿੱਖਣਾ ਮੁਸ਼ਕਿਲ ਨਹੀਂ ਹੈ। ਇਸ ਦਾ ਸਿੱਖਣਾ ਕੀ ਹੈ? ਇਨਸਾਨ ਤਾਂ ਆਪ ਹੀ ਨਿਰਬਲ ਹੈ ਅਤੇ ਨਿਮਰਤਾ ਦੇ ਲਈ ਹੀ ਪੈਦਾ ਕੀਤਾ ਗਿਆ ਹੈ। ਫ਼ਰਮਾਇਆ: ਮੁਬਾਰਕ ਹਨ ਉਹ ਲੋਕ ਜਿਹੜੇ ਆਪਣੇ ਤਾਈਂ ਸਭ ਤੋਂ ਜ਼ਿਆਦਾ **ਜ਼ਲੀਲ** ਅਤੇ **ਛੋਟਾ** ਸਮਝਦੇ ਹਨ ਅਤੇ **ਸ਼ਰਮ** ਨਾਲ ਗੱਲ ਕਰਦੇ ਹਨ ਅਤੇ ਜ਼ਮੀਨ 'ਤੇ **ਗ਼ਰੀਬੀ** ਨਾਲ ਚੱਲਦੇ ਹਨ। ਸੋ ਮੈਂ ਵਾਰ-ਵਾਰ ਕਹਿੰਦਾ ਹਾਂ ਕਿ ਅਜਿਹੇ ਹੀ ਲੋਕ ਹਨ ਜਿਨ੍ਹਾਂ ਦੇ ਲਈ ਮੁਕਤੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਕੁੱਝ ਲੋਕਾਂ ਨੂੰ ਜਲਸੇ ਦੇ ਦਿਨਾਂ ਵਿੱਚ ਅੱਗੇ ਕੁਰਸੀਆਂ 'ਤੇ ਬੈਠਣ ਦੀ ਖ਼ਾਹਿਸ਼ ਹੁੰਦੀ ਹੈ ਜਾਂ ਗਰੀਨ ਏਰੀਆ ਵਗ਼ੈਰਾ ਵਿੱਚ ਬੈਠਣ ਦੀ ਖ਼ਾਹਿਸ਼ ਕੀਤੀ ਜਾਂਦੀ ਹੈ। ਕ਼ਰੀਬ ਹੋ ਕੇ ਖ਼ਲੀਫ਼ਇ ਵਕ਼ਤ ਦੀ ਗੱਲ ਸੁਣਨ ਦੇ ਲਈ ਤਾਂ ਇਹ ਖ਼ਾਹਿਸ਼ ਠੀਕ ਹੈ ਪਰ ਕਈ ਵਾਰ ਇਸ ਵਿੱਚ **ਹਉਮੈ** ਵੀ ਸ਼ਾਮਿਲ ਹੋ ਜਾਂਦੀ ਹੈ। ਇਹ ਨਹੀਂ ਹੋਣੀ ਚਾਹੀਦੀ ਕਿਉਂਕਿ ਇਸ ਨਾਲ ਪ੍ਰਬੰਧ ਕਰਨ ਵਾਲਿਆਂ ਦੇ ਲਈ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ। ਹਜ਼ੂਰ عليه السلام ਫ਼ਰਮਾਉਂਦੇ ਹਨ ਕਿ ਇਨਸਾਨ ਨੂੰ ਚਾਹੀਦਾ ਹੈ ਕਿ ਜਦ ਕਿਤੇ ਜਾਵੇ ਤਾਂ ਸਭ ਤੋਂ ਥਲੜੀ ਜਗ੍ਹਾ ਆਪਣੇ ਲਈ ਪਸੰਦ ਕਰੇ ਅਤੇ ਜੇਕਰ ਉਹ ਕਿਸੇ ਹੋਰ ਜਗ੍ਹਾ ਦੇ ਲਾਇਕ਼ ਹੋਵੇਗਾ ਤਾਂ ਮੇਜ਼ਬਾਨ ਖ਼ੁਦ ਉਸ ਨੂੰ ਬੁਲਾ ਕੇ ਜਗ੍ਹਾ ਦੇ ਦੇਵੇਗਾ।

ਫ਼ਰਮਾਇਆ: ਕੋਈ ਸ਼ਖ਼ਸ **ਮੁਹੱਬਤਿ ਇਲਾਹੀ** ਅਤੇ **ਰਜ਼ਾਇ ਇਲਾਹੀ** ਨੂੰ ਹਾਸਿਲ ਨਹੀਂ ਕਰ ਸਕਦਾ ਜਦ ਤੱਕ ਦੋ ਸਿਫ਼ਤਾਂ ਉਸ ਵਿੱਚ ਪੈਦਾ ਨਾ ਹੋ ਜਾਣ। ਅੱਵਲ **ਹਉਮੈ** ਤੋੜਨਾ, ਦੂਸਰਾ ਇਹ ਕਿ ਪਹਿਲੇ ਸਾਰੇ **ਸੰਬੰਧ** ਉਸ ਦੇ ਟੁੱਟ ਜਾਣ ਜਿਹੜੇ ਗੰਦਗੀ ਦਾ ਕਾਰਨ ਅਤੇ ਅੱਲਾਹ ਤਆਲਾ ਦੀ ਨਾਰਾਜ਼ਗੀ ਦੇ ਸਨ, ਉਹ ਸਾਰੇ ਟੁੱਟ ਜਾਣ।

ਫ਼ਰਮਾਇਆ: ਜਿਹੜਾ ਬੈਅਤ ਦੇ ਨਾਲ **ਖ਼ੁਦਗ਼ਰਜ਼ੀ** ਰੱਖਦਾ ਹੈ, ਉਸ ਨੂੰ ਹਰਗਿਜ਼ ਫ਼ਾਇਦਾ ਹਾਸਿਲ ਨਹੀਂ ਹੁੰਦਾ। ਜਿਸ ਕ਼ਦਰ ਨਰਮੀ ਤੁਸੀਂ ਇਖ਼ਤਿਆਰ ਕਰੋਗੇ ਅਤੇ ਜਿਸ ਕ਼ਦਰ ਨਿਮਰਤਾ ਤੁਸੀਂ ਕਰੋਗੇ, ਅੱਲਾਹ ਤਆਲਾ ਉਸੇ ਕ਼ਦਰ ਤੁਹਾਡੇ ਤੋਂ ਖ਼ੁਸ਼ ਹੋਵੇਗਾ। ਇਨਸਾਨ ਜਿਹੜਾ ਇੱਕ ਨਿਰਬਲ ਜੀਵ ਹੈ ਆਪਣੇ ਤਾਈਂ ਗੁਨਾਹਾਂ ਦੇ ਕਾਰਨ ਵੱਡਾ ਸਮਝਣ ਲੱਗ ਜਾਂਦਾ ਹੈ। ਇਹ ਗੁਨਾਹ ਹੀ ਹੈ ਜਿਹੜਾ ਵਡਿਆਈ ਪੈਦਾ ਹੋ ਜਾਂਦੀ ਹੈ। **ਕਿਬਰ** ਅਤੇ **ਹਉਮੈ** ਉਸ ਵਿੱਚ ਆ ਜਾਂਦੀ ਹੈ। ਅੱਲਾਹ ਦੀ ਰਾਹ ਵਿੱਚ ਜਦ ਤੱਕ ਇਨਸਾਨ ਆਪਣੇ ਆਪ ਨੂੰ ਸਭ ਤੋਂ ਛੋਟਾ ਨਾ ਸਮਝੇ ਛੁਟਕਾਰਾ ਨਹੀਂ ਪਾ ਸਕਦਾ।

ਫਿਰ ਨਿਮਰਤਾ ਇਖ਼ਤਿਆਰ ਕਰਨ ਦੀ ਤਲਕ਼ੀਨ ਕਰਦੇ ਹੋਏ ਇੱਕ ਮੌਕ਼ੇ 'ਤੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ਸਲਾਮ ਫ਼ਰਮਾਉਂਦੇ ਹਨ: ਅਜੇ ਤੱਕ ਬਹੁਤ ਸਾਰੇ ਆਦਮੀ ਜਮਾਅਤ ਵਿੱਚ ਅਜਿਹੇ ਹਨ ਕਿ ਥੋੜੀ ਜਿਹੀ ਗੱਲ ਵੀ ਆਪਣੇ ਖ਼ਿਲਾਫ਼ ਸੁਣ ਲੈਂਦੇ ਹਨ ਤਾਂ ਉਨ੍ਹਾਂ ਨੂੰ ਜੋਸ਼ ਆ ਜਾਂਦਾ ਹੈ ਹਾਲਾਂਕਿ ਅਜਿਹੇ ਸਾਰੇ ਜੋਸ਼ਾਂ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ **ਨਰਮੀ** ਅਤੇ **ਬੁਰਦਬਾਰੀ** ਤਬੀਅਤ ਵਿੱਚ ਪੈਦਾ ਹੋਵੇ। ਦੇਖਿਆ ਜਾਂਦਾ ਹੈ ਕਿ ਇੱਕ ਛੋਟੀ ਜਿਹੀ ਗੱਲ 'ਤੇ ਬਹਿਸ ਸ਼ੁਰੂ ਹੁੰਦੀ ਹੈ ਤਾਂ ਇੱਕ ਦੂਸਰੇ ਨੂੰ ਢਾਉਣ ਦੀ ਫ਼ਿਕਰ ਵਿੱਚ ਹੁੰਦਾ ਹੈ ਕਿ ਕਿਸ ਤਰ੍ਹਾਂ ਮੈਂ ਜਿੱਤ ਜਾਵਾਂ। ਅਜਿਹੇ ਮੌਕ਼ੇ 'ਤੇ ਜੋਸ਼ ਤੋਂ

ਬਚਣਾ ਚਾਹੀਦਾ ਹੈ ਅਤੇ **ਫ਼ਸਾਦ** ਨੂੰ ਦੂਰ ਕਰਨ ਦੇ ਲਈ ਛੋਟੀਆਂ ਛੋਟੀਆਂ ਗੱਲਾਂ ਵਿੱਚ ਜਾਣ ਬੁੱਝ ਕੇ ਖ਼ੁਦ **ਜ਼ਿੱਲਤ** ਇਖ਼ਤਿਆਰ ਕਰ ਲੈਣੀ ਚਾਹੀਦੀ ਹੈ। ਇਸ ਗੱਲ ਦੀ ਕੋਸ਼ਿਸ਼ ਹਰਗਿਜ਼ ਨਹੀਂ ਕਰਨੀ ਚਾਹੀਦੀ ਕਿ ਮੁਕ਼ਾਬਲੇ ਵਿੱਚ ਆਪਣੇ ਦੂਸਰੇ ਭਾਈ ਨੂੰ ਜ਼ਲੀਲ ਕੀਤਾ ਜਾਵੇ। ਜੇਕਰ ਅਸੀਂ ਇਸ ਦਾ ਜਾਇਜ਼ਾ ਲਈਏ ਆਪਣੀ ਜ਼ਿੰਦਗੀ ਵਿੱਚ, ਬਹੁਤ ਸਾਰੇ ਲੋਕ ਅਜਿਹੇ ਹਨ ਜਿਹੜੇ ਇਹ ਝੂਠੀ ਅਣਖ (ਗ਼ੈਰਤ) ਰੱਖਦੇ ਹਨ ਅਤੇ ਹਉਮੈ ਪਾਈ ਜਾਂਦੀ ਹੈ। ਇਸ ਲਈ ਝਗੜੇ ਵੀ ਵਧਦੇ ਹਨ। ਪਰ ਅੱਲਾਹ ਤਆਲਾ ਦਾ ਕ਼ੁਰਬ ਹਾਸਿਲ ਕਰਨਾ ਹੈ ਤਾਂ ਇਸ ਤੋਂ ਮੁਕਤੀ ਹਾਸਿਲ ਹੋ ਜਾਂਦੀ ਹੈ ਬਲਕਿ ਕੁੱਝ ਤਾਂ ਨੁਕ਼ਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਗ਼ਲਤ ਰੰਗ ਵਿੱਚ ਕਈ ਵਾਰ **ਸ਼ਿਕਾਇਤਾਂ** ਕਰ ਦਿੰਦੇ ਹਨ ਕਿ ਸਾਡੀ ਫ਼ਲਾਣੀ ਜਗ੍ਹਾ ਲੜਾਈ ਹੋਈ ਸੀ, ਫ਼ਲਾਣੀ ਜਗ੍ਹਾ ਉਸ ਨੇ ਮੈਨੂੰ ਬੁਰਾ ਕਿਹਾ ਸੀ ਤਾਂ ਹੁਣ ਮੈਂ ਉਸ ਨੂੰ ਕਿਸੇ ਤਰ੍ਹਾਂ ਗ਼ਲਤ ਤਰੀਕ਼ੇ ਨਾਲ਼ ਵੀ ਉਸ ਨੂੰ ਕਿਸੇ ਗ਼ਲਤ **ਮੁਕ਼ੱਦਮੇ** ਵਿੱਚ ਜਾਂ ਕਿਸੇ ਸਜ਼ਾ ਵਿੱਚ ਫਸਾਉਣ ਦੀ ਕੋਸ਼ਿਸ਼ ਕਰਾਂ।

ਫ਼ਰਮਾਇਆ: ਹਉਮੈ ਕਰਨ ਵਾਲ਼ਾ ਸ਼ਖ਼ਸ ਖ਼ੁਦਾ ਦੇ ਤਖ਼ਤ ‘ਤੇ ਬੈਠਣਾ ਚਾਹੁੰਦਾ ਹੈ। ਬਸ ਇਸ ਹੀਣੀ **ਖ਼ਸਲਤ** ਤੋਂ ਹਮੇਸ਼ਾ ਪਨਾਹ ਮੰਗੋ। ਖ਼ੁਦਾ ਤਆਲਾ ਦੇ ਚਾਹੇ ਸਾਰੇ ਵਾਅਦੇ ਤੁਹਾਡੇ ਨਾਲ਼ ਹੋਣ, ਵਾਅਦਿਆਂ ਦੇ ਬਾਵਜੂਦ ਨਿਮਰਤਾ ਦਿਖਾਓ ਕਿਉਂਕਿ ਨਿਮਰਤਾ ਕਰਨ ਵਾਲ਼ਾ ਹੀ ਖ਼ੁਦਾ ਦਾ ਮਹਿਬੂਬ ਹੁੰਦਾ ਹੈ।

ਇੱਕ ਵਾਰ ਹਜ਼ੂਰ عليه السلام ਕੋਲੋਂ ਪੁੱਛਿਆ ਗਿਆ ਕਿ ਹਜ਼ੂਰ عليه السلام ਹਦੀਸ ਵਿੱਚ ਆਉਂਦਾ ਹੈ ਕਿ ਸਭ ਨਬੀਆਂ ਨੇ **ਬੱਕਰੀਆਂ** ਚਰਾਈਆਂ ਹਨ। ਕੀ ਕਦੀ ਹਜ਼ੂਰ عليه السلام ਨੇ ਵੀ ਚਰਾਈਆਂ ਹਨ? ਹਜ਼ੂਰ عليه السلام ਨੇ ਫ਼ਰਮਾਇਆ ਕਿ ਹਾਂ! ਮੈਂ ਇੱਕ ਵਾਰ ਬਾਹਰ ਖੇਤਾਂ ਵਿੱਚ ਗਿਆ। ਉੱਥੇ ਇੱਕ ਸ਼ਖ਼ਸ ਬੱਕਰੀਆਂ ਚਰਾ ਰਿਹਾ ਸੀ। ਉਸ ਨੇ ਕਿਹਾ, ਮੈਂ ਇੱਕ ਕੰਮ ਜਾਣਾ ਹੈ ਤੁਸੀਂ ਰਤਾ ਮੇਰੀਆਂ ਬੱਕਰੀਆਂ ਦਾ ਖ਼ਿਆਲ ਰੱਖੋ। ਪਰ ਉਹ ਅਜਿਹਾ ਗਿਆ ਕਿ ਸ਼ਾਮ ਨੂੰ ਵਾਪਿਸ ਆਇਆ ਅਤੇ ਉਸ ਦੇ ਆਉਣ ਤੱਕ ਸਾਨੂੰ ਉਸ ਦੀ ਬੱਕਰੀਆਂ ਚਰਾਉਣੀਆਂ ਪਈਆਂ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ਸਲਾਮ ਨੂੰ ਘਰ ਦਾ ਕੋਈ ਕੰਮ ਕਰਨ ਵਿੱਚ ਕਦੀ ਕੋਈ **ਸ਼ਰਮ** ਨਹੀਂ ਸੀ। **ਮੰਜੀਆਂ** ਆਪ ਵਛਾ ਲੈਂਦੇ, **ਬਿਸਤਰਾ** ਕਰ ਲੈਂਦੇ। ਜਿਸ ਤਰ੍ਹਾਂ ਦਾ **ਖਾਣਾ** ਵੀ ਹੁੰਦਾ ਆਪ عليه السلام ਖਾ ਲੈਂਦੇ। ਆਪ عليه السلام ਨੇ ਕਦੀ **“ਤੂੰ”** ਕਹਿ ਕੇ ਗੱਲ ਨਹੀਂ ਕੀਤੀ, ਹਮੇਸ਼ਾ **“ਜੀ”** ਕਹਿ ਕੇ ਗੱਲ ਕਰਦੇ। ਆਪ عليه السلام ਵਿੱਚ **ਹਉਮੈ** ਦਾ ਨਾਮ ਤੱਕ ਵੀ ਨਹੀਂ ਸੀ।

ਮੌਲਵੀ ਮੁਹੰਮਦ ਹੁਸੈਨ ਬਟਾਲਵੀ ਸਾਹਿਬ ਜਦ ਨਵੇਂ ਨਵੇਂ **ਦਿੱਲੀ** ਤੋਂ ਪੜ੍ਹ ਕੇ ਆਏ, ਤਾਂ ਉਸ ਜ਼ਮਾਨੇ ਵਿੱਚ ਹਜ਼ੂਰ عليه السلام ਦੇ ਨਾਲ਼ ਉਨ੍ਹਾਂ ਦਾ ਇੱਕ **ਮੁਬਾਹਿਸਾ** ਹੋਇਆ ਜਿਸ ਵਿੱਚ ਹਜ਼ੂਰ عليه السلام ਨੇ ਮੌਲਵੀ ਸਾਹਿਬ ਕੋਲੋਂ ਸ਼ੁਰੂ ਵਿੱਚ ਉਨ੍ਹਾਂ ਦੀ ਧਾਰਨਾ (ਅਕ਼ੀਦਾ) ਦੇ ਬਾਰੇ ਸਵਾਲ ਕੀਤਾ। ਜਦ ਮੌਲਵੀ ਸਾਹਿਬ ਨੇ ਆਪਣੀ ਧਾਰਨਾ (ਅਕ਼ੀਦਾ) ਦੱਸੀ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਮੈਂ ਆਪ ਦੀ ਧਾਰਨਾ ਵਿੱਚ ਕੋਈ **ਕ਼ਾਬਿਲਿ ਐਤਰਾਜ਼** ਗੱਲ ਨਹੀਂ ਪਾਉਂਦਾ ਇਸ ਲਈ ਆਪ ਨਾਲ਼ ਬਹਿਸ ਦੀ ਕੋਈ ਲੋੜ ਨਹੀਂ ਹੈ। ਜਿਹੜੇ ਲੋਕ ਹਜ਼ੂਰ عليه السلام ਨੂੰ ਲੈ ਕੇ ਗਏ ਸਨ ਉਹ ਬਹੁਤ ਪਰੇਸ਼ਾਨ ਹੋਏ ਕਿ ਇਸ ਤਰ੍ਹਾਂ ਤਾਂ ਸਾਨੂੰ ਸ਼ਰਮਿੰਦਗੀ ਉਠਾਉਣੀ ਪਵੇਗੀ ਪਰ ਹਜ਼ੂਰ عليه السلام ਨੇ ਝੂਠੀ ਇੱਜ਼ਤ ਦੀ ਕੋਈ **ਪਰਵਾਹ** ਨਹੀਂ ਕੀਤੀ। ਹਜ਼ੂਰ عليه السلام ਨੇ ਆਪ ਫ਼ਰਮਾਇਆ ਹੈ ਕਿ ਮੌਲਵੀ ਸਾਹਿਬ ਦੀ ਧਾਰਨਾ ਸੁਣ ਕੇ ਕਿਉਂਕਿ ਉਨ੍ਹਾਂ ਵਿੱਚ ਕੋਈ ਕ਼ਾਬਿਲਿ ਐਤਰਾਜ਼ ਗੱਲ ਨਹੀਂ ਸੀ ਇਸ ਲਈ ਖ਼ਾਸ ਅੱਲਾਹ ਦੇ ਲਈ ਬਹਿਸ ਨੂੰ ਛੱਡ ਦਿੱਤਾ। ਉਸ ਰਾਤ ਅੱਲਾਹ ਤਆਲਾ ਨੇ ਇਲਹਾਮਨ ਫ਼ਰਮਾਇਆ: ਤੇਰਾ ਖ਼ੁਦਾ ਤੇਰੇ ਇਸ ਕੰਮ ਤੋਂ ਰਾਜ਼ੀ ਹੋਇਆ ਅਤੇ ਉਹ ਤੈਨੂੰ ਬਹੁਤ ਬਰਕਤ ਦੇਵੇਗਾ ਇੱਥੋਂ ਤੱਕ ਕਿ ਬਾਦਸ਼ਾਹ ਤੇਰੇ ਕੱਪੜਿਆਂ ਵਿੱਚੋਂ ਬਰਕਤ ਲੱਭਣਗੇ।

ਆਪ عليه السلام ਨੇ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਸਾਹਿਬ ਨੂੰ ਲਿਖੇ ਗਏ ਇੱਕ ਖ਼ਤ ਵਿੱਚ ਆਪਣੀ ਨਿਹਾਇਤ ਨਿਮਰਤਾ ਦਾ ਇਜ਼ਹਾਰ ਫ਼ਰਮਾਇਆ ਹੈ। ਆਪ عليه السلام ਨੇ ਲਿਖਿਆ ਕਿ ਇਹ ਦਾਸ ਇੱਕ **ਅਨਪੜ੍ਹ** ਅਤੇ **ਜਾਹਿਲ** ਆਦਮੀ ਹੈ, ਨਾ ਇਹ **ਇਬਾਦਤ** ਹੈ, ਨਾ **ਰਿਆਜ਼ਤ** ਹੈ, ਨਾ **ਇਲਮ** ਹੈ, ਨਾ **ਲਿਆਕ਼ਤ** ਹੈ ਭਾਵ ਕੁੱਝ ਵੀ ਚੀਜ਼ ਨਹੀਂ। ਖ਼ੁਦਾ ਤਆਲਾ ਵੱਲੋਂ ਇੱਕ ਹੁਕਮ ਸੀ ਅਤੇ ਕ਼ਤਈ ਅਤੇ ਯਕ਼ੀਨੀ ਸੀ ਜਿਹੜਾ ਇਸ ਦਾਸ ਨੇ ਪਹੁੰਚਾ ਦਿੱਤਾ। ਮੰਨਣਾ, ਨਾ ਮੰਨਣਾ ਆਪਣੀ ਆਪਣੀ ਰਾਏ ਅਤੇ ਸਮਝ ‘ਤੇ ਆਧਾਰਿਤ ਹੈ।

ਜਦ ਹਜ਼ੂਰ عليه السلام ਨੇ ਮਸੀਲਿ ਮਸੀਹ عليه السلام ਹੋਣ ਦਾ ਦਾਅਵਾ ਕੀਤਾ ਤਾਂ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਨੇ ਸਖ਼ਤ ਵਿਰੋਧ ਕੀਤਾ। ਬੜੇ **ਭੈੜੇ** ਖ਼ਤ ਲਿਖੇ। ਆਪਣੀ ਅਖ਼ਬਾਰ **"ਇਸ਼ਾਅਤੁੱਸ੍ ਸੁੱਨਹ"** (اشاعة السنة) ਵਿੱਚ ਵੀ ਆਪ عليه السلام ਦੇ ਲਈ ਭੈੜੇ ਅਲਫ਼ਾਜ਼ ਇਸਤੇਮਾਲ ਕਰਨੇ ਸ਼ੁਰੂ ਕਰ ਦਿੱਤੇ। ਇਸ ਸਭ ਦੇ ਬਾਵਜੂਦ ਹਜ਼ੂਰ عليه السلام ਨੇ **ਨਰਮੀ**, **ਸਬਰ** ਅਤੇ **ਨਿਮਰਤਾ** ਦਾ ਨਿਹਾਇਤ ਉੱਚਾ ਨਮੂਨਾ ਦਿਖਾਇਆ।

ਇੱਕ ਖ਼ਤ ਵਿੱਚ ਹਜ਼ੂਰ عليه السلام ਨੇ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਨੂੰ ਲਿਖਿਆ ਕਿ ਮੈਨੂੰ ਜਿੱਤ ਹਾਰ ਨਾਲ਼ ਕੋਈ ਸਾਰ ਨਹੀਂ ਬਲਕਿ ਅਬੂਦਿੱਯਤ ਅਤੇ ਹੁਕਮ ਦੀ ਆਗਿਆਕਾਰੀ ਤੋਂ ਮਤਲਬ ਹੈ। ਮੈਂ ਜਾਣਦਾ ਹਾਂ ਕਿ ਇਸ ਵਿਰੋਧ ਵਿੱਚ ਨੀਅਤ ਚੰਗੀ ਹੋਵੇਗੀ ਪਰ ਮੇਰੇ ਨਜ਼ਦੀਕ ਬਿਹਤਰ ਹੈ ਕਿ ਆਪ ਪਹਿਲਾਂ ਮੇਰੇ ਨਾਲ਼ ਗੱਲਬਾਤ ਕਰਕੇ ਅਤੇ ਮੇਰੀਆਂ ਕਿਤਾਬਾਂ ਨੂੰ ਯਾਨੀ ਤਿੰਨ ਕਿਤਾਬਾਂ, **"ਫ਼ਤਿਹ ਇਸਲਾਮ"**, **"ਤੌਜ਼ੀਹਿ ਮਰਾਮ"** ਅਤੇ **"ਅਜ਼ਾਲਾ ਔਹਾਮ"** ਨੂੰ ਦੇਖ ਕੇ ਫਿਰ ਕੁੱਝ ਲਿਖੋ। ਮੈਨੂੰ ਇਸ ਨਾਲ਼ ਕੋਈ ਗ਼ਮ ਅਤੇ ਦੁੱਖ ਨਹੀਂ ਕਿ ਤੁਹਾਡੇ ਵਰਗੇ ਦੋਸਤ ਵਿਰੋਧ 'ਤੇ ਰਾਜ਼ੀ ਹੋਣ। ਇਹ ਰਾਏ ਦਾ ਵਿਰੋਧ ਵੀ ਹੱਕ਼ ਦੇ ਲਈ ਹੋਵੇਗਾ।

ਇੱਕ ਹੋਰ ਖ਼ਤ ਵਿੱਚ ਆਪ عليه السلام ਨੇ ਮੌਲਵੀ ਸਾਹਿਬ ਨੂੰ ਲਿਖਿਆ ਕਿ ਮੇਰੇ ਖ਼ਿਆਲ ਵਿੱਚ **ਅਖ਼ਲਾਕ਼** ਦੇ ਹਾਸਿਲ ਕਰਨ ਵਿੱਚ ਜਿਸ ਕ਼ਦਰ ਖ਼ੁਦਾ ਤਆਲਾ ਨਿਮਰਤਾ ਅਤੇ ਹਰ ਇੱਕ ਅਜਿਹੀ ਜ਼ਿੱਲਤ ਨੂੰ, ਜਿਹੜੀ ਹਉਮੈ ਦੇ ਉਲਟ ਹੈ, ਪਸੰਦ ਕਰਦਾ ਹੈ, ਅਜਿਹਾ ਕੋਈ ਹਿੱਸਾ ਉਸ ਨੂੰ ਖ਼ੁਲਕ਼ ਦਾ ਪਸੰਦ ਨਹੀਂ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ عليه السلام ਦੀ ਹਰ ਕਰਨੀ ਅਤੇ ਕਥਨੀ ਨਿਮਰਤਾ ਦੇ ਇਜ਼ਹਾਰ ਨਾਲ਼ ਭਰੀ ਹੋਈ ਸੀ। ਸਿਰਫ਼ ਇੱਕ **ਜੁਸਤਜੂ** ਸੀ ਅਤੇ ਉਹ ਇਹ ਕਿ ਖ਼ੁਦਾ ਤਆਲਾ ਦੀ ਰਜ਼ਾ ਹਾਸਿਲ ਹੋਵੇ, ਉਸ ਦੀ **ਵਾਹਦਾਨੀਅਤ** ਨੂੰ ਦੁਨੀਆ ਵਿੱਚ ਫੈਲਾਇਆ ਜਾਵੇ। ਸਾਨੂੰ ਵੀ ਹਜ਼ੂਰ عليه السلام ਨੇ ਇਹੀ ਨਸੀਹਤ ਫ਼ਰਮਾਈ ਹੈ। ਅੱਲਾਹ ਤਆਲਾ ਸਾਨੂੰ ਵੀ ਇਨ੍ਹਾਂ ਗੱਲਾਂ 'ਤੇ ਅਮਲ ਦੀ **ਤੌਫ਼ੀਕ਼** ਅਤਾ ਫ਼ਰਮਾਵੇ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّاٰتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ ۞ وَنَشْھَدُ اَنْ لَّآ اِلٰہَ اِلَّا اللّٰہُ وَحْدَہٗ لَا شَرِیْکَ لَہٗ وَنَشْھَدُ اَنَّ مُحَمَّدًا عَبْدُہٗ وَرَسُوْلُہٗ ۞ عِبَادَ اللّٰہِ رَحِمَکُمُ اللّٰہِ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ ۞